**CLASS-XII**
**DRAWING AND PAINTING**
**ਡਰਾਇੰਗ ਅਤੇ ਚਿੱਤਰਕਲਾ**

**ਸਮਾਂ:8 ਘੰਟੇ** **ਪ੍ਰਯੋਗੀ: 80 ਅੰਕ**
**ਅੰਤਰਿਕ ਮੁਲਾਂਕਣ.: 20 ਅੰਕ**
**ਕੁੱਲ: 100 ਅੰਕ**

ਨੋਟ: ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟਸ਼ੀਟ ਅਨੁਸਾਰ ਲਿਆ ਜਾਵੇਗਾ।

| | ਸਮਾਂ | ਸ਼ੈਸ਼ਨ |
|---|---|---|
| ਪਹਿਲਾ ਪੇਪਰ | 4 ਘੰਟੇ | ਸਵੇਰ |
| ਦੂਜਾ ਪੇਪਰ | 4 ਘੰਟੇ | ਸ਼ਾਮ |

**STRUCTURE OF QUESTION PAPER**
**ਪ੍ਰਸ਼ਨ ਪੱਤਰ ਦੀ ਰੂਪ ਰੇਖਾ**

1. ਇਹ ਪੇਪਰ ਪ੍ਰਯੋਗੀ ਡੇਟਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵਗਾ। ਪਹਿਲਾਂ ਸਵੇਰ ਦੇ ਸੈਸ਼ਨ ਵਿੱਚ ਸਕੱਚਿੰਗ, ਫੁੱਲਾਂ ਦੀ ਚਿੱਤਰਕਾਰੀ , ਡਿਜ਼ਾਈਨ ਅਤੇ ਕੁਦਰਤੀ ਦ੍ਰਿਸ਼ ਦਾ ਪੇਪਰ ਲਿਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ । ਇਸਦੇ 40 ਅੰਕ ਹੋਣਗੇ।
2. ਸ਼ਾਮ ਦੇ ਸੈਸ਼ਨ ਵਿੱਚ ਮਾਡਲ ਡਰਾਇੰਗ (Still Life)ਦਾ ਪੇਪਰ ਹੋਵੇਗਾ। ਮਾਡਲ ਪ੍ਰਯੋਗੀ ਪ੍ਰੀਖਿਅਕ ਵੱਲੋਂ ਸੈੱਟ ਕੀਤਾ ਜਾਵੇਗਾ। ਮਾਡਲ ਦੇ ਪਿੱਛੇ ਡਰਾਪਰੀ(ਪਰਦਾ) ਸੈੱਟ ਕੀਤੀ ਜਾਵੇਗੀ। ਮਾਡਲ ਦਾ ਸਮਾਨ ਕੇਂਦਰ ਕੰਟਰੋਲਰ ਵੱਲੋਂ ਉਪਲੱਬਧ ਕਰਵਾਇਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਇਸਦੇ 40 ਅੰਕ ਹੋਣਗੇ।
3. ਵਿਚਕਾਰ ਇੱਕ ਘੰਟੇ ਦੇ ਸਮੇਂ ਵਿੱਚ ਪ੍ਰਯੋਗੀ ਪ੍ਰੀਖਿਅਕ, ਪ੍ਰੀਖਿਆਰਥੀ ਦੇ ਸੈਸ਼ਨਲ ਕੰਮ ਦਾ ਮੁਲਾਂਕਣ ਕਰੇਗਾ । ਇਸਦੇ 20 ਅੰਕ ਹੋਣਗੇ। ਪ੍ਰੀਖਿਅਕ ਕੀਤੇ ਕੰਮ ਅਨੁਸਾਰ ਅੰਕ ਦੇਵੇਗਾ।
4. ਸਾਰੇ ਪੇਪਰ ਦਾ ਮੁਲਾਂਕਣ ਕਰਕੇ ਪ੍ਰਯੋਗੀ ਪ੍ਰੀਖਿਅਕ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਆਪਣੇ ਹਸਤਾਖਰ ਕਰਕੇ ਭੇਜੇਗਾ।

**ਨੋਟ:- ਡਰਾਇੰਗ ਸ਼ੀਟਾਂ ਅਤੇ ਪੇਟਿੰਗ ਦਾ ਹੋਰ ਸਾਰਾ ਸਮਾਨ ਪ੍ਰੀਖਿਆਰਥੀ ਖੁਦ ਲੈ ਕੇ ਆਵੇਗਾ।**

**ਪਾਠ-ਕ੍ਰਮ**

**ਭਾਗ-1**

**(ਸਕੈੱਚਿੰਗ ਅਤੇ ਬਨਾਵਟ)** **ਅੰਕ: 40**

ਮਨੁੱਖੀ ਸ਼ਰੀਰ, ਜਾਨਵਰ, ਪਸ਼ੂ ਅਤੇ ਪੰਛੀਆਂ ਦੇ ਕੁਦਰਤੀ ਦ੍ਰਿਸ਼ ਅਤੇ ਚਿੱਤਰ ਬਣਾਉਣੇ।

**ਜਾਂ**

ਇੱਕ ਫੁੱਲਦਾਨ ਵਿੱਚ ਫੁੱਲ ਇੱਕਠੇ ਕਰਕੇ ਇਹਨਾਂ ਦੀ ਚਿੱਤਰਕਾਰੀ ਕਰਨੀ।

**ਜਾਂ**

ਕੋਈ ਕੁਦਰਤੀ ਦ੍ਰਿਸ਼ ਬਣਾਉਣਾ ਜਿਸ ਵਿੱਚ ਦਰਿਆ ਝੀਲ, ਘਰ, ਚੌਪੜੀ, ਦਰਖ਼ਤ, ਪਹਾੜ ਅਤੇ ਅਸਮਾਨ ਦਰਸਾਏ ਜਾਣ।

**ਜਾਂ**

ਕੋਈ ਆਲ ਓਵਰ ਪੈਟਰਨ, ਸਾੜੀ ਬਾਡਰ, ਪਰਦਾ ਅਤੇ ਸਿਰਹਾਣੇ ਦਾ ਨਮੂਨਾ ਬਣਾਉਣਾ।
**ਪੇਪਰ ਦਾ ਮਾਪ :- 1/4 ਭਾਗ (35 ਸੈਂ:ਮੀ: ×25 ਸੈਂ:ਮੀ:)**

**ਭਾਗ-II**

**ਮਾਡਲ ਡਰਾਇੰਗ (Still Life)** **ਅੰਕ: 40**

ਕਿਸੇ ਚਾਰ ਵਸਤੂਆਂ ਦਾ ਚਿੱਤਰਨ ਕਰਨਾ ਅਤੇ ਇਨ੍ਹਾਂ ਵਸਤੂਆਂ ਦੇ ਪਿੱਛੇ ਡਰਾਪਰੀ (ਪਰਦਾ) ਹੋਵੇ।
**ਪੇਪਰ ਦਾ ਮਾਪ :- 1/2 ਭਾਗ (35 ਸੈਂ:ਮੀ: ×55 ਸੈਂ:ਮੀ:)**
**ਮਾਧਿਅਮ :ਪੇਸਟਲ, ਪਾਣੀ ਜਾਂ ਤੇਲ ਵਾਲੇ ਰੰਗ**

**ਭਾਗ -III** **ਅੰਕ: 20**

**ਸੈਸ਼ਨਲ ਵਰਕ:-** ਸਾਰੇ ਸਾਲ ਵਿੱਚ ਤਿਆਰ ਕੀਤੀਆਂ ਘੱਟੋ-ਘੱਟ ਵੀਹ ਆਈਟਮਾਂ ਜੋ ਕਿ ਪ੍ਰਯੋਗੀ ਪ੍ਰੀਖਿਅਕ ਚੈੱਕ ਕਰੇਗਾ ਅਤੇ ਅੰਕ ਲਾਵੇਗਾ।

**ਨੋਟ:- ਡਰਾਇੰਗ ਸ਼ੀਟਾਂ ਅਤੇ ਪੇਟਿੰਗ ਦਾ ਹੋਰ ਸਾਰਾ ਸਮਾਨ ਪ੍ਰੀਖਿਆਰਥੀ ਖੁਦ ਲੈ ਕੇ ਆਵੇਗਾ।**